# Ultrasound (Punjabi) - ਅਲਟਰਾਸਾਉਂਡ

Adult (18 years and over) | Patient information

**ਇਸ ਫਾਰਮ ਦੀ ਇੱਕ ਕਾਪੀ ਮਰੀਜ਼ / ਬਦਲਵੇਂ ਤੌਰ 'ਤੇ ਫੈਸਲਾ ਲੈਣ ਵਾਲੇ ਨੂੰ ਧਿਆਨ ਨਾਲ ਪੜ੍ਹਨ ਲਈ ਦੇਣੀ ਚਾਹੀਦੀ ਹੈ ਅਤੇ ਇਸ ਪ੍ਰਕਿਰਿਆ ਬਾਰੇ ਕੋਈ ਪ੍ਰਸ਼ਨ ਪੁੱਛਣ ਲਈ ਲੋੜੀਦਾ ਸਮਾਂ ਦੇਣਾ ਚਾਹੀਦਾ ਹੈ। ਮਰੀਜ਼ ਦੀ ਜਾਣਕਾਰੀ ਸ਼ੀਟ ਨੂੰ ਮਰੀਜ਼ ਦੇ ਮੈਡੀਕਲ ਰਿਕਾਰਡ ਵਿਚ ਸ਼ਾਮਲ ਕਰਨਾ ਚਾਹੀਦਾ ਹੈ।**

## 1. ਅਲਟਰਾਸਾਉਂਡ ਕੀ ਹੈ ਅਤੇ ਇਹ ਮੇਰੀ / ਰੋਗੀ ਦੀ ਮਦਦ ਕਿਵੇਂ ਕਰੇਗਾ?

ਅਲਟਰਾਸਾਉਂਡ ਸਕੈਨ ਅੰਦਰੂਨੀ ਅੰਗਾਂ ਦਾ ਜਾਇਜ਼ਾ ਕਰਦਾ ਹੈ ਅਤੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਪਤਾ ਲਗਾਉਣ ਵਿਚ ਸਹਾਇਤਾ ਕਰਦਾ ਹੈ। ਇਹ ਨਸਾਂ ਜਾਂ ਨਾੜੀਆਂ ਵਿਚ ਬਿਮਾਰੀ ਦਾ ਜਾਇਜ਼ਾ ਲੈਣ ਲਈ ਵੀ ਕੀਤੇ ਜਾਂਦੇ ਹਨ।

ਅਲਟਰਾਸਾਉਂਡ ਮਸ਼ੀਨ ਕੰਸੋਲ ਤੋਂ ਬਣੀ ਹੁੰਦੀ ਹੈ ਜਿਸ ਵਿਚ ਕੰਪਿਊਟਰ, ਡਿਸਪਲੇ ਸਕ੍ਰੀਨ ਅਤੇ ਟ੍ਰਾਂਸਡਿਊਸਰ ਹੁੰਦਾ ਹੈ। ਟ੍ਰਾਂਸਡਿਊਸਰ ਇਕ ਛੋਟਾ ਜਿਹਾ ਹੱਥ ਵਿਚ ਫੜਨ ਵਾਲਾ ਯੰਤਰ ਹੈ ਜੋ ਮਾਈਕ੍ਰੋਫੋਨ ਵਰਗਾ ਹੁੰਦਾ ਹੈ।

ਅਲਟਰਾਸਾਉਂਡ ਤਸਵੀਰਾਂ ਸਕੈਨ ਕੀਤੇ ਜਾ ਰਹੀ ਥਾਂ ਵਿੱਚ ਅਲਟਰਾਸੋਨਿਕ (ਉੱਚ ਬਾਰੰਬਾਰਤਾ) ਸਾਉਂਡਵੇਵ ਨੂੰ ਪਾਸ ਕਰਕੇ ਤਿਆਰ ਕੀਤੀਆਂ ਜਾਂਦੀਆਂ ਹਨ।

ਅਲਟਰਾਸਾਉਂਡ ਰੇਡੀਏਸ਼ਨ (ਵਿਕਿਰਨਾਂ) ਦੀ ਵਰਤੋਂ ਨਹੀਂ ਕਰਦਾ।





*Image 1: Ultrasound.*
*Illustration Copyright © 2019 Nucleus Medical Media, All rights reserved. www.nucleusmedicalmedia.com*

## ਇਸ ਪ੍ਰਕਿਰਿਆ ਦੀ ਤਿਆਰੀ

ਸਰੀਰ ਦੇ ਸਕੈਨ ਕੀਤੇ ਜਾਣ ਵਾਲੇ ਹਿੱਸੇ ਦੇ ਅਧਾਰ 'ਤੇ ਵੱਖ ਵੱਖ ਤਿਆਰੀਆਂ ਕਰਨ ਦੀ ਜ਼ਰੂਰਤ ਹੁੰਦੀ ਹੈ। ਮੈਡੀਕਲ ਇਮੇਜਿੰਗ ਵਿਭਾਗ ਤੁਹਾਨੂੰ ਤੁਹਾਡੇ ਸਕੈਨ ਦੀ ਤਿਆਰੀ ਬਾਰੇ ਨਿਰਦੇਸ਼ ਦੇਵੇਗਾ।

ਜੇ ਤੁਹਾਡਾ ਨਿੱਜੀ ਅੰਗਾਂ ਦੀ ਜਾਂਚ ਕਰਵਾ ਰਹੇ ਹੋ ਤਾਂ ਇਸ ਦੌਰਾਨ ਦੂਜਾ ਸਟਾਫ ਮੈਂਬਰ ਵੀ ਮੌਜੂਦ ਹੋ ਸਕਦਾ ਹੈ।

ਅਲਟਰਾਸਾਉਂਡ ਇੱਕ ਦਰਦ ਰਹਿਤ ਵਿਧੀ ਹੈ। ਬੇਹੋਸ਼ ਕਰਨ ਦੀ ਜ਼ਰੂਰਤ ਬਿਲਕੁਲ ਨਹੀਂ ਪੈਂਦੀ ਹੈ।

## ਇਸ ਪ੍ਰਕਿਰਿਆ ਦੇ ਦੌਰਾਨ

ਕਮਰੇ ਵਿਚ ਲਾਈਟਾਂ ਮੱਧਮ ਕਰ ਦਿੱਤੀਆਂ ਜਾਣਗੀਆਂ ਤਾਂ ਜੋ ਸਕ੍ਰੀਨ ਉੱਤੇ ਤਸਵੀਰਾਂ ਵਧੇਰੇ ਸਪੱਸ਼ਟ ਦਿਖਾਈ ਦੇਣ।

ਤੁਹਾਡੀ ਚਮੜੀ ਦੇ ਸਕੈਨ ਕੀਤੇ ਜਾਣ ਵਾਲੇ ਹਿੱਸੇ ਉਪਰ ਜੈੱਲ ਲਗਾਈ ਜਾਏਗੀ। ਜੈੱਲ ਟ੍ਰਾਂਸਡਿਊਸਰ ਨੂੰ ਆਸਾਨੀ ਨਾਲ ਚਮੜੀ 'ਤੇ ਤਿਲਕਣ ਦਿੰਦਾ ਹੈ ਅਤੇ ਸਾਫ਼ ਤਸਵੀਰਾਂ ਤਿਆਰ ਕਰਨ ਵਿਚ ਮਦਦ ਕਰਦਾ ਹੈ। ਟ੍ਰਾਂਸਡਿਊਸਰ ਨੂੰ ਸਕੈਨ ਕੀਤੇ ਜਾਣ ਵਾਲੇ ਹਿੱਸੇ ਵਿਚ ਹੌਲੀ-ਹੌਲੀ ਅੱਗੇ ਅਤੇ ਪਿੱਛੇ ਕੀਤਾ ਜਾਵੇਗਾ ਜਦ ਤੱਕ ਉਸ ਹਿੱਸੇ ਦੀ ਪੂਰੀ ਤਰ੍ਹਾਂ ਜਾਂਚ ਨਹੀਂ ਹੋ ਜਾਂਦੀ।

ਜੇ ਸਕੈਨਿੰਗ ਕੋਮਲ/ ਨਰਮ ਹਿੱਸੇ ਵਿਚ ਕੀਤੀ ਜਾਂਦੀ ਹੈ, ਤਾਂ ਤੁਸੀਂ ਟ੍ਰਾਂਸਡਿਊਸਰ ਤੋਂ ਦਬਾਅ ਜਾਂ ਮਾਮੂਲੀ ਬੇਅਰਾਮੀ ਮਹਿਸੂਸ ਕਰ ਸਕਦੇ ਹੋ।

ਸਕੈਨ ਦੌਰਾਨ ਤੁਹਾਨੂੰ ਸਾਹ ਰੋਕ ਲੈਣ ਜਾਂ ਵੱਖ-ਵੱਖ ਪਾਸੇ 'ਤੇ ਪਲਟ ਜਾਣ ਲਈ ਕਿਹਾ ਜਾ ਸਕਦਾ ਹੈ।

ਸਕੈਨ ਹੋਣ ਤੋਂ ਬਾਅਦ, ਜੈੱਲ ਤੁਹਾਡੀ ਚਮੜੀ ਤੋਂ ਪੂੰਝ ਦਿੱਤਾ ਜਾਵੇਗਾ।

ਅਲਟਰਾਸਾਉਂਡ15 ਤੋਂ 60 ਮਿੰਟ ਦਾ ਸਮਾਂ ਲਵੇਗਾ। ਇਹ ਸਮਾਂ ਸੀਮਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸਰੀਰ ਦੇ ਕਿਸ ਹਿੱਸੇ ਨੂੰ ਸਕੈਨ ਕੀਤਾ ਜਾ ਰਿਹਾ ਹੈ ਅਤੇ ਕਿਸ ਕਿਸਮ ਦੀ ਜਾਂਚ ਦੀ ਜ਼ਰੂਰਤ ਹੈ।

## 2. ਇਸਦੇ ਕੀ ਜ਼ੋਖਮ ਹਨ?

ਅਲਟਰਾਸਾਉਂਡ ਤੋਂ ਹਾਲੇ ਤਕ ਕੋਈ ਵੀ ਜਾਣਿਆ ਜਾਂਦਾ ਜੋਖਮ ਨਹੀਂ ਹੈ। ਇਹ ਨੂੰ ਬਹੁਤ ਹੀ ਸੁਰੱਖਿਅਤ ਪ੍ਰਕਿਰਿਆ ਮੰਨਿਆ ਜਾਂਦਾ ਹੈ।

### ਅਲਟਰਾਸਾਉਂਡ ਨਾ ਕਰਵਾਉਣ ਦੇ ਕੀ ਜ਼ੋਖਮ ਹਨ?

ਇਸਦੇ ਮਾੜੇ ਸਿੱਟੇ ਨਿਕਲ ਸਕਦੇ ਹਨ, ਜੇ ਤੁਸੀਂ ਪ੍ਰਸਤਾਵਿਤ ਪ੍ਰਕਿਰਿਆ / ਇਲਾਜ / ਜਾਂਚ / ਪ੍ਰੀਖਣ ਨਹੀਂ ਕਰਵਾਉਂਦੇ ਹੋ । ਕਿਰਪਾ ਕਰਕੇ ਇਨ੍ਹਾਂ ਬਾਰੇ ਡਾਕਟਰ / ਕਲੀਨੀਸ਼ੀਅਨ ਨਾਲ ਵਿਚਾਰ ਕਰੋ।

## 3. ਕੀ ਇਸਦੇ ਕੋਈ ਬਦਲ ਮੌਜੂਦ ਹਨ?

ਕਿਸੇ ਪ੍ਰਕਿਰਿਆ ਨੂੰ ਕਰਵਾਉਣ ਦਾ ਫੈਸਲਾ ਲੈਣ ਲਈ ਮਰੀਜ਼ / ਬਦਲਵੇਂ ਤੌਰ 'ਤੇ ਫੈਸਲਾ ਲੈਣ ਵਾਲੇ ਵਿਅਕਤੀ ਨੂੰ ਉਪਲਬਧ ਵਿਕਲਪਾਂ ਨੂੰ ਸਮਝਣ ਦੀ ਜ਼ਰੂਰਤ ਹੁੰਦੀ ਹੈ। ਕਿਰਪਾ ਕਰਕੇ ਆਪਣੇ ਡਾਕਟਰ / ਕਲੀਨੀਸ਼ੀਅਨ ਨਾਲ ਕਿਸੇ ਵੀ ਵਿਕਲਪਕ ਇਲਾਜ਼ ਬਾਰੇ ਵਿਚਾਰ ਕਰੋ।

## 4. ਇਸ ਪ੍ਰਕਿਰਿਆ ਤੋਂ ਬਾਅਦ ਮੈਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਤੁਹਾਡੀ ਸਿਹਤ ਦੇਖਭਾਲ ਟੀਮ ਤੁਹਾਡੇ ਨਾਲ ਗੱਲ ਕਰੇਗੀ ਕਿ ਤੁਹਾਡੀ ਪ੍ਰਕਿਰਿਆ ਹੋਣ ਤੋਂ ਬਾਅਦ ਅਤੇ ਹਸਪਤਾਲ ਤੋਂ ਡਿਸਚਾਰਜ ਹੋਣ 'ਤੇ ਤੁਸੀਂ ਕੀ ਉਮੀਦ ਕਰ ਸਕਦੇ ਹੋ।

## 5. ਇਸ ਪ੍ਰਕਿਰਿਆ ਨੂੰ ਕੌਣ ਕਰੇਗਾ?

ਸਲਾਹਕਾਰ / ਮਾਹਰ ਤੋਂ ਇਲਾਵਾ ਕੋਈ ਡਾਕਟਰ / ਕਲੀਨੀਸ਼ੀਅਨ ਕਲੀਨਿਕੀ ਤੌਰ 'ਤੇ ਢੁਕਵੀਂ ਪ੍ਰਕਿਰਿਆ / ਇਲਾਜ / ਜਾਂਚ / ਪ੍ਰੀਖਿਆ ਵਿਚ ਸਹਾਇਤਾ ਕਰ / ਕਰ ਸਕਦਾ ਹੈ।

ਇਹ ਅੱਗੇ ਦੀ ਸਿਖਲਾਈ ਲੈ ਰਿਹਾ ਕੋਈ ਡਾਕਟਰ / ਕਲੀਨੀਸ਼ੀਅਨ ਹੋ ਸਕਦਾ ਹੈ, ਹਾਲਾਂਕਿ ਸਾਰੇ ਸਿਖਿਆਰਥੀ ਢੁਕਵੇਂ ਪੇਸ਼ੇਵਰ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਿਗਰਾਨੀ ਅਧੀਨ ਕੰਮ ਕਰਦੇ ਹਨ।

ਜੇ ਤੁਹਾਨੂੰ ਕੋਈ ਚਿੰਤਾ ਹੈ ਕਿ ਕਿਹੜਾ ਡਾਕਟਰ / ਕਲੀਨੀਸ਼ੀਅਨ ਪ੍ਰਕਿਰਿਆ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਡਾਕਟਰ / ਕਲੀਨੀਸ਼ੀਅਨ ਨਾਲ ਵਿਚਾਰ ਕਰੋ।

## 6. ਮੈਨੂੰ ਸਹਾਇਤਾ ਜਾਂ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਪਹਲਿਾਂ ਦੀ, ਦੌਰਾਨ ਦੀ ਅਤੇ ਬਾਅਦ ਦੀ-ਹਸਪਤਾਲ ਦੇਖਭਾਲ: ਕੁਈਨਜ    ਡ ਹੈਲਥ ਵੈਬਸਾਈਟ www.qld.gov.au/health/services/hospital-care/before-after ਉਪਰ ਉਪਲਬਧ ਹੈ ਜਿਥੇ ਤੁਸੀਂ ਆਪਣੇ ਹਿਸਤ ਸੰਭਾਲ ਅਧਿਕਾਰਾਂ ਬਾਰੇ ਪੜ੍ਹ ਸਕਦੇ ਹੋ।

ਸਟਾਫ਼ ਮਰੀਜ
ਲੋੜਾਂ ਅਨੁਸਾਰ ਹਸਾਇਤਾ ਕਰਨ ਲਈ ਉਪਲਬਧ ਹੈ। ਜੇ ਤੁਸੀਂ ਸੱਭਿਆਚਾਰਕ ਜਾਂ ਅਧਿਆਤਮਿਕ ਹਸਾਇਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਡਾਕਟਰ / ਕਲੀਨੀਸ ਨਾਲ ਵਿਚਾਰ ਕਰੋ।

ਕੁਈਨਜ    ਡ ਹੈਲਥ ਮੰਨਦੀ ਹੈ ਕਿ ਆਦਿਵਾਸੀ ਅਤੇ ਟੋਰਸ ਸਟਰੇਟ ਆਈਲੈਂਡਰ ਦੇ ਮਰੀਜ
ਕਲੀਨਿਕਲ ਦੇਖਭਾਲ ਦਾ ਅਨੁਭਵ ਕਰਨਗੇ ਜਦੋਂ ਉਨ੍ਹਾਂ ਦਾ ਸਭਿਆਚਾਰ ਸਾਂਝੇ ਫੈਸਲੇ ਲੈਣ ਦੌਰਾਨ ਸ
ਜਾਵੇਗਾ। ਕਿਰਪਾ ਕਰਕੇ ਡਾਕਟਰ / ਕਲੀਨੀਸ਼ਨ ਨੂੰ ਪੁੱਛੋ ਜੇ ਤੁਸੀਂ ਇਸ ਮਰੀਜ
ਪਹਲਿੂ ਨੂ ਹਨੀ ਸਮਝਦੇ ਜਾਂ ਜੇ ਤੁਹਾਨੂੰ ਆਪਣੇ / ਰੋਗੀ ਦੀ ਡਾਕਟਰੀ ਸਥਿਤੀ, ਇਲਾਜ ਦੇ ਵਿਕਲਪਾਂ ਅਤੇ ਪ੍ਰਸਤਾਵਿਤ ਵਿਧੀ / ਇਲਾਜ / ਜਾਂਚ / ਪ੍ਰੀਖਿਆ ਬਾਰੇ ਕੋਈ ਪ੍ਰਸ ਹਨ।

## 7. ਪ੍ਰਸ਼ਨ

ਕਿਰਪਾ ਕਰਕੇ ਡਾਕਟਰ / ਕਲੀਨੀਸ਼ਨ ਨੂੰ ਪੁੱਛੋ ਜੇ ਤੁਸੀਂ ਇਸ ਮਰੀਜ਼ ਜਾਣਕਾਰੀ ਸ਼ੀਟ ਦੇ ਕਿਸੇ ਵੀ ਪਹਿਲੂ ਨੂੰ ਨਹੀਂ ਸਮਝਦੇ ਜਾਂ ਜੇ ਤੁਹਾਨੂੰ ਆਪਣੇ / ਰੋਗੀ ਦੀ ਡਾਕਟਰੀ ਸਥਿਤੀ, ਇਲਾਜ ਦੇ ਵਿਕਲਪਾਂ ਅਤੇ ਪ੍ਰਸਤਾਵਿਤ ਵਿਧੀ / ਇਲਾਜ / ਜਾਂਚ / ਪ੍ਰੀਖਿਆ ਬਾਰੇ ਕੋਈ ਪ੍ਰਸ਼ਨ ਹਨ।

## 8. ਸਾਡੇ ਨਾਲ ਸੰਪਰਕ ਕਰੋ

**ਐਮਰਜੈਂਸੀ ਵਿੱਚ, ਟ੍ਰਿਪਲ ਜ਼ੀਰੋ (000) 'ਤੇ ਕਾਲ ਕਰੋ।**

ਜੇ ਇਹ ਕੋਈ ਐਮਰਜੈਂਸੀ ਨਹੀਂ ਹੈ, ਪਰ ਤੁਹਾਨੂੰ ਚਿੰਤਾ ਹੈ, ਤਾਂ 13 ਹੈਲਥ (13 43 25 84), ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਸੰਪਰਕ ਕਰੋ।

© The State of Queensland (Queensland Health) 2021. Except as permitted under the *Copyright Act 1968*, no part of this work may be reproduced communicated or adapted without permission from Queensland Health. To request permission email: ip_officer@health.qld.gov.au